# ਤੁਸੀਂ ਸ਼ਰਨਾਰਥੀ ਹੋ ਅਤੇ ਤੁਹਾਡੇ ਬੱਚੇ ਦਾ ਜਨਮ ਕਿਊਬਿਕ ਵਿੱਚ ਹੋਇਆ ਹੈ?

## ਤੁਹਾਡਾ ਬੱਚਾ ਜਨਮ ਤੋਂ ਹੀ RAMQ (ਮੈਡੀਕਲ ਕਾਰਡ) ਦਾ ਹੱਕਦਾਰ ਹੈ!






- ਕਿਊਬਿਕ ਵਿੱਚ ਪੈਦਾ ਹੋਏ ਕਿਸੇ ਵੀ ਵਿਅਕਤੀ ਕੋਲ ਕੈਨੇਡੀਅਨ ਨਾਗਰਿਕਤਾ (ਸਿਟਿਜ਼ਨਸ਼ਿਪ) ਹੈ।
- ਕੈਨੇਡੀਅਨ ਨਾਗਰਿਕਤਾ ਵਾਲਾ ਕੋਈ ਵੀ ਵਿਅਕਤੀ ਜੋ ਕਿਊਬਿਕ ਵਿੱਚ ਰਹਿੰਦਾ ਹੈ, ਸੂਬਾਈ ਸਿਹਤ ਕਵਰੇਜ ਦਾ ਹੱਕਦਾਰ ਹੈ, ਭਾਵੇਂ ਉਸਦੇ ਮਾਪਿਆਂ ਦੀ ਸਥਿਤੀ ਕੁਝ ਵੀ ਹੋਵੇ।
- RAMQ ਕਿਊਬਿਕ ਦੀ ਸਿਹਤ ਬੀਮਾ ਯੋਜਨਾ ਹੈ।
- ਤੁਹਾਡੇ ਨਵਜੰਮੇ ਬੱਚੇ ਨੂੰ RAMQ ਦੁਆਰਾ ਕਵਰ ਕਰਨ ਲਈ, ਤੁਹਾਨੂੰ ਰਜਿਸਟਰ ਕਰਨਾ ਲਾਜ਼ਮੀ ਹੈ।
- ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਸਮਾਂ ਲੱਗ ਸਕਦਾ ਹੈ, ਪਰ ਤੁਹਾਡੇ ਨਵਜੰਮੇ ਬੱਚੇ ਨੂੰ ਜਨਮ ਤੋਂ ਕਵਰ ਕੀਤਾ ਜਾਂਦਾ ਹੈ।

**ਤੁਹਾਨੂੰ ਇਹਨਾਂ ਅਗਲੇ ਕਦਮਾਂ ਦੀ ਪਾਲਣਾ ਕਰਨੀ ਪਵੇਗੀ:**

## ਮਹੱਤਵਪੂਰਨ

- ਸ਼ਰਣ ਮੰਗਣ ਵਾਲਾ ਕੋਈ ਵੀ ਵਿਅਕਤੀ ਸੰਘੀ ਸਿਹਤ ਕਵਰੇਜ, PFSI (ਭੂਰੇ ਕਾਗਜ਼) ਦਾ ਹੱਕਦਾਰ ਹੈ।
- ਬੱਚੇ ਦੇ ਜਨਮ ਅਤੇ RAMQ ਕਾਰਡ ਪ੍ਰਾਪਤ ਕਰਨ ਵਿੱਚ ਕਈ ਮਹੀਨਿਆਂ ਦੀ ਦੇਰੀ ਹੋ ਸਕਦੀ ਹੈ।
- ਇਸ ਦੌਰਾਨ, ਜੇਕਰ ਤੁਹਾਡੇ ਬੱਚੇ ਨੂੰ ਸਿਹਤ ਸੰਭਾਲ ਦੀ ਲੋੜ ਹੈ, ਤਾਂ ਤੁਹਾਨੂੰ ਬਿੱਲਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਤੁਹਾਨੂੰ ਫੀਸਾਂ ਨੂੰ ਅੱਗੇ ਵਧਾਉਣਾ ਪੈ ਸਕਦਾ ਹੈ ਅਤੇ ਫਿਰ ਤੁਹਾਨੂੰ ਆਪਣੇ ਬੱਚੇ ਦਾ ਕਾਰਡ ਪ੍ਰਾਪਤ ਕਰਨ ਤੋਂ ਬਾਅਦ RAMQ ਤੋਂ ਭੁਗਤਾਨ ਦੀ ਬੇਨਤੀ ਕਰਨੀ ਪਵੇਗੀ।
- ਧਾਂਤਕ ਤੌਰ 'ਤੇ, ਹਸਪਤਾਲਾਂ ਨੂੰ ਤੁਹਾਡੇ ਤੋਂ ਕੋਈ ਫੀਸ ਨਹੀਂ ਲੈਣੀ ਚਾਹੀਦੀ, ਪਰ ਜੇਕਰ ਅਜਿਹਾ ਹੈ ਤਾਂ ਭੁਗਤਾਨ ਸਮਝੌਤੇ 'ਤੇ ਸਹਿਮਤ ਹੋਣਾ ਸੰਭਵ ਹੈ: RAMQ ਕਾਰਡ ਪ੍ਰਾਪਤ ਹੋਣ 'ਤੇ, ਸਿਹਤ ਕਰਮਚਾਰੀਆਂ ਨੂੰ RAMQ ਦੁਆਰਾ ਸਿੱਧੇ ਤੌਰ 'ਤੇ ਅਦਾਇਗੀ ਕੀਤੀ ਜਾ ਸਕਦੀ ਹੈ।




**ਇਹ ਸਾਧਨ ਇਹਨਾਂ ਦੁਆਰਾ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ।:**

LA MAISON BLEUE

PRAIDA PROGRAMME RÉGIONAL D'ACCUEIL ET D'INTÉGRATION DES DEMANDEURS D'ASILE

CERDA www.cerda.info

ਪਤਾ ਹੋਣਾ ਚਾਹੀਦਾ ਹੈ

ਇਹ ਕਰਨਾ ਹੈ

## ਕਦਮ 1 - ਜਨਮ ਸਮੇਂ, ਤੁਹਾਨੂੰ 30 ਦਿਨਾਂ ਦੇ ਅੰਦਰ-ਅੰਦਰ ਬੱਚੇ ਨੂੰ ਸਿਵਲ ਸਥਿਤੀ ਦੇ ਡਾਇਰੈਕਟਰ (DEC) ਕੋਲ ਰਜਿਸਟਰ ਕਰਨਾ ਚਾਹੀਦਾ ਹੈ।

ਜਦੋਂ ਬੱਚੇ ਦਾ ਜਨਮ ਹੁੰਦਾ ਹੈ, ਤਾਂ ਹਸਪਤਾਲ DEC ਨੂੰ ਜਨਮ ਦਸਤਾਵੇਜ਼ ਭੇਜਦਾ ਹੈ ਅਤੇ ਮਾਪਿਆਂ ਨੂੰ ਇੱਕ ਕਾਪੀ ਪ੍ਰਦਾਨ ਕਰਦਾ ਹੈ।

ਦੇਰੀ: ਤੁਹਾਡੇ ਕੋਲ DEC ਨੂੰ ਜਨਮ ਘੋਸ਼ਣਾ ਪੱਤਰ ਭੇਜਣ ਲਈ 30 ਦਿਨ ਹਨ। ਇਸ ਮਿਆਦ ਦੇ ਬਾਅਦ, ਫੀਸਾਂ ਲਾਗੂ ਹੁੰਦੀਆਂ ਹਨ।

- ❑ ਹਸਪਤਾਲ ਦੁਆਰਾ ਕਾਗਜ਼ੀ ਰੂਪ ਵਿੱਚ ਦਿੱਤਾ ਗਿਆ ਜਨਮ ਘੋਸ਼ਣਾ ਫਾਰਮ ਭਰੋ
- ❑ ਜਨਮ ਸਮੇਂ ਸਟਾਫ ਨੂੰ ਫਾਰਮ ਦਿਓ ਜਾਂ ਹੇਠਾਂ ਦਿੱਤੇ ਪਤੇ 'ਤੇ ਪੋਸਟ ਕਰੋ:

**Directeur de l'état civil**
**2535, boulevard Laurier**
**Québec (Québec) G1V 5C6**

***ਕਿਰਪਾ ਕਰਕੇ ਨੋਟ ਕਰੋ:*** *ਔਨਲਾਈਨ ਫਾਰਮ ਸਿਰਫ਼ ਉਨ੍ਹਾਂ ਮਾਪਿਆਂ ਲਈ ਉਪਲਬਧ ਹੈ ਜੋ ਸ਼ਰਣ ਦੀ ਮੰਗ ਕਰ ਰਹੇ ਹਨ ਜਿਨ੍ਹਾਂ ਕੋਲ SIN ਅਤੇ ClicSÉQUR ਖਾਤਾ:*
https://www.etatcivil.gouv.qc.ca/fr/naissance/declaration_naissance.html

## ਕਦਮ 2 - ਇੱਕ ਵਾਰ ਦਸਤਾਵੇਜ਼ ਪ੍ਰਾਪਤ ਹੋਣ ਤੋਂ ਬਾਅਦ, DEC ਇੱਕ ਜਨਮ ਸਰਟੀਫਿਕੇਟ ਤਿਆਰ ਕਰਦਾ ਹੈ

DEC ਤੁਹਾਨੂੰ ਡਾਕ ਰਾਹੀਂ ਪੁਸ਼ਟੀ ਕਰਦਾ ਹੈ ਕਿ ਤੁਹਾਡਾ ਬੱਚਾ ਸਿਵਲ ਸਟੇਟ ਵਿੱਚ ਰਜਿਸਟਰਡ ਹੈ ਅਤੇ ਜਾਣਕਾਰੀ ਨੂੰ ਸਿੱਧਾ RAMQ ਨੂੰ ਭੇਜਦਾ ਹੈ।

ਦੇਰੀ: DEC ਨੂੰ ਤੁਹਾਡੇ ਨਾਲ ਸੰਪਰਕ ਕਰਨ ਵਿੱਚ ਲਗਭਗ 30 ਤੋਂ 45 ਦਿਨ ਲੱਗ ਸਕਦੇ ਹਨ।

- ❑ DEC ਤੋਂ ਪੱਤਰ ਪ੍ਰਾਪਤ ਹੋਣ 'ਤੇ, ਜਾਂਚ ਕਰੋ ਕਿ ਜਾਣਕਾਰੀ ਸਹੀ ਹੈ
- ❑ ਜੇਕਰ ਤੁਸੀਂ ਪਤਾ ਬਦਲਦੇ ਹੋ, ਤਾਂ ਆਪਣਾ ਨਵਾਂ ਪਤਾ ਦੇਣ ਲਈ DEC ਨੂੰ ਕਾਲ ਕਰੋ: **1 877 644-4545**

## ਕਦਮ 3 - RAMQ ਤੁਹਾਨੂੰ ਇੱਕ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਪ੍ਰਦਾਨ ਕਰਨ ਲਈ ਦਸਤਾਵੇਜ਼ਾਂ ਦੀ ਸੂਚੀ ਭੇਜਦਾ ਹੈ

ਤੁਹਾਡੇ ਬੱਚੇ ਦੀ ਫਾਈਲ 'ਤੇ ਕਾਰਵਾਈ ਹੋਣ ਦੀ ਉਡੀਕ ਕਰਦੇ ਹੋਏ, RAMQ ਤੁਹਾਨੂੰ ਇੱਕ ਅਸਥਾਈ (ਟੈਂਪਰੇਰੀ) ਰਜਿਸਟ੍ਰੇਸ਼ਨ ਸਰਟੀਫਿਕੇਟ ਦੇਵੇਗਾ ਜੋ ਤੁਹਾਡੇ ਬੱਚੇ ਨੂੰ ਮੁਫਤ ਸਿਹਤ ਦੇਖਭਾਲ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ।

ਦੇਰੀ: : RAMQ ਨੂੰ ਤੁਹਾਡੇ ਨਾਲ ਸੰਪਰਕ ਕਰਨ ਵਿੱਚ 4 ਤੋਂ 6 ਹਫ਼ਤੇ ਲੱਗ ਸਕਦੇ ਹਨ। RAMQ ਇੱਕ ਰਜਿਸਟ੍ਰੇਸ਼ਨ ਸਰਟੀਫਿਕੇਟ ਭੇਜਦਾ ਹੈ ਜੋ ਇਸਦੇ ਜਾਰੀ ਹੋਣ ਦੀ ਮਿਤੀ ਤੋਂ 45 ਦਿਨਾਂ ਲਈ ਵੈਧ (ਵੈਲਡ) ਹੁੰਦਾ ਹੈ।

***ਕਿਰਪਾ ਕਰਕੇ ਨੋਟ ਕਰੋ:*** *ਤੁਹਾਡੇ ਬੱਚੇ ਨੂੰ RAMQ ਤੋਂ ਲਾਭ ਲੈਣ ਲਈ, ਤੁਹਾਨੂੰ ਕਿਊਬੈਕ ਵਿੱਚ 6 ਮਹੀਨਿਆਂ ਤੋਂ ਵੱਧ ਰਹਿਣ ਦੇ ਇਰਾਦੇ ਦਾ ਸਬੂਤ ਦੇਣਾ ਚਾਹੀਦਾ ਹੈ. ਸ਼ਰਣ ਮੰਗਣ ਵਾਲੇ ਦਾ ਦਸਤਾਵੇਜ਼ (ਸ਼ਰਨਾਰਥੀ ਆਈ.ਡੀ) ਸਵੀਕਾਰਯੋਗ ਸਬੂਤ ਹੈ।*

- ❑ RAMQ ਪੱਤਰ ਵਿੱਚ ਦਰਸਾਏ ਪਤੇ 'ਤੇ ਸ਼ਰਣ ਮੰਗਣ ਵਾਲੇ ਦੇ ਦਸਤਾਵੇਜ਼ (ਭੂਰੇ ਕਾਗਜ਼) ਦੀ ਇੱਕ ਕਾਪੀ RAMQ ਨੂੰ ਭੇਜੋ।
- ❑ ਜੇਕਰ ਤੁਸੀਂ ਆਪਣਾ ਪਤਾ ਬਦਲਦੇ ਹੋ, ਤਾਂ ਕਿਊਬਿਕ ਐਡਰੈੱਸ ਚੇਂਜ ਸਰਵਿਸ ਵੈੱਬਸਾਈਟ ਤੋਂ ਆਪਣਾ ਪਤਾ ਅੱਪਡੇਟ ਕਰੋ: https://www.adresse.gouv.qc.ca/inscrire/FormulaireChangementAdresse.aspx?Etape=0&Lng=fr

## ਕਦਮ 4 - RAMQ ਫਾਈਲ ਦੀ ਪੁਸ਼ਟੀ ਕਰਦਾ ਹੈ ਅਤੇ ਇਹ ਨਿਰਧਾਰਤ ਕਰਦਾ ਹੈ ਕਿ ਕੀ ਬੱਚਾ ਇਸ ਪ੍ਰੋਗਰਾਮ ਲਈ ਯੋਗ ਹੈ ਜਾਂ ਨਹੀਂ

ਜੇਕਰ ਤੁਹਾਡਾ ਬੱਚਾ ਯੋਗ ਹੈ, ਤਾਂ RAMQ ਤੁਹਾਨੂੰ ਉਸਦਾ ਸਿਹਤ ਬੀਮਾ ਕਾਰਡ ਭੇਜੇਗਾ (ਜੋ ਤੁਸੀਂ ਪੇਸ਼ ਕਰ ਸਕਦੇ ਹੋ ਤਾਂ ਜੋ ਤੁਹਾਡਾ ਬੱਚਾ ਮੁਫ਼ਤ ਦੇਖਭਾਲ ਪ੍ਰਾਪਤ ਕਰ ਸਕੇ)

***ਕਿਰਪਾ ਕਰਕੇ ਨੋਟ ਕਰੋ:*** *RAMQ ਕਾਰਡ ਲਈ ਬੱਚੇ ਦੀ 14 ਸਾਲ ਦੀ ਉਮਰ ਤੱਕ ਉਸਦੀ ਫੋਟੋ ਲੈਣ ਦੀ ਕੋਈ ਲੋੜ ਨਹੀਂ ਹੈ।*

- ❑ ਇਹ ਮਹੱਤਵਪੂਰਨ ਹੈ ਕਿ ਤੁਸੀਂ ਸਹੀ ਪਤਾ ਦਿੱਤਾ ਹੈ ਆਪਣੇ ਬੱ